**ਜਮਾਤ- ਨੌਵੀਂ**

**ਵਿਸ਼ਾ- ਪੰਜਾਬੀ**

# ਕਾਰਕ ਤੇ ਉਸ ਦੀਆਂ ਕਿਸਮਾਂ

**ਪ੍ਰਸ਼ਨ 1. ਕਾਰਕ ਕੀ ਹੁੰਦਾ ਹੈ ? ਇਹ ਕਿੰਨੀ ਪ੍ਰਕਾਰ ਹੁੰਦੇ ਹਨ ? ਉਦਾਹਰਨਾਂ ਦੇ ਕੇ ਸਮਝਾਓ ।**

**ਉੱਤਰ-ਕਿਸੇ ਵਾਕ ਵਿਚ ਨਾਂਵ ਜਾਂ ਪੜਨਾਂਵ ਵੀ ਹੋਰਨਾਂ ਸ਼ਬਦਾਂ (ਕਿਰਿਆ ਆਦਿ) ਨਾਲ ਸੰਬੰਧ ਪ੍ਰਗਟ ਕਰਨ ਵਾਲੇ ਭਿੰਨ-ਭਿੰਨ ਰੂਪਾਂ ਨੂੰ 'ਕਾਰਕ' ਆਖਿਆ ਜਾਂਦਾ ਹੈ । ਜਿਨ੍ਹਾਂ ਸੰਬੰਧਾਂ ਨਾਲ ਇਹ ਸੰਬੰਧ ਪ੍ਰਗਟ ਹੁੰਦਾ ਹੈ, ਉਨ੍ਹਾਂ ਨੂੰ 'ਕਾਰਕ ਚਿੰਨ੍ਹ' ਆਖਦੇ ਹਨ ।**

**ਪੰਜਾਬੀ ਵਿਚ ਕਾਰਕ ਅੱਠ ਪ੍ਰਕਾਰ ਦੇ ਹੁੰਦੇ ਹਨ, ਜੋ ਕਿ ਹੇਠ ਲਿਖੇ ਹਨ :**

**(1) ਕਰਤਾ ਕਾਰਕ (2) ਕਰਮ ਕਾਰਕ (3) ਕਰਨ ਕਾਰਕ (4) ਸੰਪਰਦਾਨ ਕਾਰਕ**

**(5) ਅਪਾਦਾਨ ਕਾਰਕ (6) ਸੰਬੰਧ ਕਾਰਕ (7) ਅਧਿਕਰਨ ਕਾਰਕ (8) ਸੰਬੋਧਨ ਕਾਰਕ ।**

**1.ਕਰਤਾ ਕਾਰਕ :-** **ਵਾਕ ਵਿਚ ਕੰਮ ਕਰਨ ਵਾਲੇ ਨਾਂਵ ਜਾਂ ਪੜਨਾਂਵ' ਨੂੰ 'ਕਰਤਾ ਕਾਰਕ' ਆਖਿਆ ਜਾਂਦਾ ਹੈ , ਜਿਵੇਂ-**

**(ੳ) ਰਾਮ ਰੋਟੀ ਖਾਂਦਾ ਹੈ ।**

**(ਅ) ਸ਼ਾਮ ਨੇ ਪਾਣੀ ਪੀਤਾ ।**

**ਉੱਪਰ ਲਿਖੇ ਵਾਕਾਂ ਵਿਚ 'ਰਾਮ' ਅਤੇ 'ਸ਼ਾਮ' ਕੰਮ ਕਰਨ ਵਾਲੇ ਹਨ, ਇਸ ਕਰਕੇ ਇਹ ਕਰਤਾ ਕਾਰਕ ਵਿਚ ਹਨ , ਕਰਤਾ ਕਾਰਕ ਲੱਭਣ ਦਾ ਤਰੀਕਾ ਇਹ ਹੈ ਕਿ ਵਾਕ ਦੀ ਕਿਰਿਆ ਨਾਲ 'ਕੌਣ' ਜਾਂ 'ਕਿਸ ਨੇ' ਲਾ ਕੇ ਪ੍ਰਸ਼ਨ ਕਰੋ, ਜੋ ਉੱਤਰ ਮਿਲੇ ਉਹ ਕਰਤਾ ਕਾਰਕ ਹੋਵੇਗਾ : ਜਿਵੇਂ ਪਹਿਲੇ ਵਾਕ ਵਿਚਲੀ ਕਿਰਿਆ ਉੱਤੇ ਪ੍ਰਸ਼ਨ ਕਰੋ:**

ਕੌਣ ਰੋਟੀ ਖਾਂਦਾ ਹੈ ? ਉੱਤਰ ਮਿਲੇਗਾ 'ਰਾਮ' । ਬੱਸ ਇਹੋ ਕਰਤਾ ਕਾਰਕ ਹੈ । ਪਹਿਲੇ ਵਾਕ ਵਿਚ 'ਰਾਮ' ਨਾਲ ਕੋਈ ਸੰਬੰਧ ਨਹੀਂ ਲੱਗਾ ਹੋਇਆ । ਇਸ ਦਾ ਕੋਈ ਚਿੰਨ੍ਹ ਨਹੀਂ। ਦੂਜੇ ਵਾਕ ਵਿਚ ਸ਼ਾਮ ਦੇ ਨਾਲ 'ਨੇ' ਸੰਬੰਧਕ ਲੱਗਾ ਹੋਇਆ ਹੈ ਜੋ ਕਿ ਕਾਰਕ ਚਿੰਨ੍ਹ ਹੈ ।

**2 .ਕਰਮ ਕਾਰਕ**-ਵਾਕ ਦੀ ਕਿਰਿਆ ਦਾ ਜਿਸ ਨਾਂਵ' ਜਾਂ ਪੜਨਾਂਵ' ਉੱਤੇ ਪ੍ਰਭਾਵ ਪਵੇ, ਉਹ ਕਰਮ ਕਾਰਕ ਵਿਚ ਹੁੰਦਾ ਹੈ , ਜਿਵੇਂ (ੳ ) ਸ਼ਾਮ ਨੇ ਸੱਪ ਮਾਰਿਆ । (ਅ) ਮੈਂ ਕਿਤਾਬ ਪੜ੍ਹ ਰਿਹਾ ਹਾਂ।

ਇਨ੍ਹਾਂ ਵਾਕਾਂ ਵਿਚ 'ਸੱਪ' ਅਤੇ ' ਕਿਤਾਬ' ਕਰਮ ਕਾਰਕ ਵਿਚ ਹਨ । ਕਰਮ ਕਾਰਕ ਲੱਭਣ ਦਾ ਢੰਗ ਇਹ ਹੈ ਕਿ ਕਿਰਿਆ ਨਾਲ ਕੀ ਜਾਂ ਕਿਸ ਨੂੰ ਲਾ ਕੇ ਪ੍ਰਸ਼ਨ ਕਰੋ : ਜੋ ਉੱਤਰ ਮਿਲੇ, ਉਹ ਕਰਮ ਕਾਰਕ ਹੋਵੇਗਾ । ਜਿਵੇਂ-

(ੳ) ਕੀ ਮਾਰਿਆ ? ( ਸੱਪ)

(ਅ) ਕੀ ਪੜ੍ਹ ਰਿਹਾ ਹਾਂ ? (ਕਿਤਾਬ)

**3. ਕਰਨ ਕਾਰਕ** -ਵਾਕ ਦਾ ਕਰਤਾ ਜਿਸ ਨਾ ਜਾਂ ਪੜਨਾਂਵ ਨੂੰ ਸਾਧਨ ਬਣਾ ਕੇ ਕੰਮ ਕਰੇ, ਉਹ 'ਕਰਨ ਕਾਰਕ ਹੁੰਦਾ ਹੈ : ਜਿਵੇਂ-

(ੳ) ਮੈਂ ਚਾਕੂ ਨਾਲ ਅੰਬ ਚੀਰਿਆ।

(ਅ) ਉਸ ਨੇ ਸੁਰਿੰਦਰ ਤੋਂ ਚਿੱਠੀ ਲਿਖਾਈ ।

ਇਨ੍ਹਾਂ ਵਾਕਾਂ ਵਿਚ 'ਚਾਕੂ ' ਅਤੇ 'ਸੁਰਿੰਦਰ' ਕਰਨ ਕਾਰਕ ਵਿਚ ਹਨ । ਇਸ ਕਾਰਕ ਦੀ ਪਛਾਣ ਦਾ ਢੰਗ ਇਹ ਹੈ ਕਿ ਵਾਕ ਵਿਚ ਜਿਨ੍ਹਾਂ ਨਾਂਵਾਂ ਜਾਂ ਪੜਨਾਂਵਾਂ ਨਾਲ ਰਾਹੀਂ ਦੁਆਰਾ, ਨਾਲ, ਹੱਥੀਂ, ਤੋਂ ਆਦਿ ਕਾਰਕ ਚਿੰਨ੍ਹ ਲੱਗੇ ਹੋਣ, ਉਹ ਕਰਨ ਕਾਰਕ ਹੁੰਦੇ ਹਨ।

**4. ਸੰਪਰਦਾਨ ਕਾਰਕ-** ਵਾਕ ਦਾ ਕਰਤਾ ਜਿਸ ਨਾਂਵ' ਜਾਂ ਪੜਨਾਂਵ ਲਈ ਕੰਮ ਕਰੇ, ਉਹ 'ਸੰਪਰਦਾਨ ਕਾਰਕ' ਵਿਚ ਹੁੰਦਾ ਹੈ , ਜਿਵੇਂ:-

(ੳ) ਕਰਤਾਰ ਸਿੰਘ ਸਰਾਭਾ ਨੇ ਦੇਸ਼ ਲਈ ਜਾਨ ਵਾਰ ਦਿੱਤੀ ।

(ਅ) ਸੁਰਿੰਦਰ ਨੇ ਮੇਰੀ ਖ਼ਾਤਰ ਕਈ ਔਕੜਾਂ ਦਾ ਸਾਹਮਣਾ ਕੀਤਾ ।

ਇਨ੍ਹਾਂ ਵਾਕਾਂ ਵਿਚ 'ਦੇਸ਼' ਅਤੇ 'ਮੇਰੀ ਖ਼ਾਤਰ, ਸੰਪਰਦਾਨ ਕਾਰਕ ਵਿਚ ਹਨ । ਇਸ ਕਾਰਕ ਦੀ ਪਛਾਣ ਲਈ ਇਸ ਦੇ ਇਹ ਕਾਰਕ ਚਿੰਨ੍ਹ ਹਨ-ਲਈ, ਖ਼ਾਤਰ, ਵਾਸਤੇ ਆਦਿ ।

**5. ਅਪਾਦਾਨ ਕਾਰਕ** - ਵਾਕ ਵਿਚ ਜਿਸ ਨਾਂਵ ਜਾਂ ਪੜਨਾਂਵ ਤੋਂ ਕਿਰਿਆ ਦਾ ਕੰਮ ਆਰੰਭ ਹੋਣ ਜਾਂ ਵੱਖ ਹੋਣ ਦਾ ਪਤਾ ਲੱਗੇ, ਉਹ 'ਅਪਾਦਾਨ ਕਾਰਕ' ਵਿਚ ਹੁੰਦਾ ਹੈ , ਜਿਵੇਂ:-

(ੳ) ਸੁਰਜੀਤ ਸਿੰਘ ਹੁਸ਼ਿਆਰਪੁਰੋਂ ਆਇਆ ।

(ਅ) ਉਹ ਮੇਰੇ ਕੋਲੋਂ ਚਲਾ ਗਿਆ ਹੈ ।

(ੲ) ਡੱਡੂ ਛੱਪੜ ਵਿਚੋਂ ਨਿਕਲਿਆ ।

ਇਨ੍ਹਾਂ ਵਾਕਾਂ ਵਿਚ 'ਹੁਸ਼ਿਆਰਪੁਰੋਂ' 'ਮੇਰੇ' ਅਤੇ 'ਛੱਪੜ 'ਅਪਾਦਾਨ ਕਾਰਕ ਵਿਚ ਹਨ । ਇਸ ਕਾਰਕ ਦੀ ਪਛਾਣ ਲਈ ਇਸ ਦੇ ਕਾਰਕ ਚਿੰਨ੍ਹ ਇਹ ਹਨ-ਤੋਂ, ਕੋਲੋਂ, ਪਾਸੋਂ ,ਵਿਚੋਂ ਆਦਿ ।

**6. ਸੰਬੰਧ ਕਾਰਕ**-ਜਦੋਂ ਕਿਸੇ ਵਾਕ ਵਿਚ ਨਾਂਵ ਜਾਂ ਪੜਨਾਂਵ ਦਾ ਦੂਜੇ ਨਾਂਵ ਜਾਂ ਪੜਨਾਂਵ ਉੱਤੇ ਮਾਲਕੀ ਦਾ ਸੰਬੰਧ ਪ੍ਰਗਟ ਕੀਤਾ ਜਾਵੇ ਤਾਂ ਉਹ' ਸੰਬੰਧ ਕਾਰਕ' ਵਿਚ ਹੁੰਦਾ ਹੈ , ਜਿਵੇਂ:-

(ੳ) ਇਹ ਪ੍ਰਿੰਸੀਪਲ ਸਾਹਿਬ ਦੀ ਕੋਠੀ ਹੈ ।

(ਅ) ਉਸ ਦੀ ਘੜੀ ਗੁਆਚ ਗਈ ਹੈ।

ਇਨ੍ਹਾਂ ਵਾਕਾਂ ਵਿਚ 'ਪ੍ਰਿੰਸੀਪਲ' ਸਾਹਿਬ' ਅਤੇ 'ਉਸ' ਸੰਬੰਧ ਕਾਰਕ ਵਿਚ ਹਨ । ਇਸ ਦੀ ਪਛਾਣ ਲਈ ਇਸ ਦੇ ਕਾਰਕ ਚਿੰਨ੍ਹ ਇਹ ਹਨ-ਦਾ, ਦੇ, ਦੀ, ਦੀਆਂ, ਰਾ (ਮੇਰਾ, ਤੇਰਾ), ਰੇ (ਮੇਰੇ, ਤੇਰੇ), ਰੀ (ਮੇਰੀ, ਤੇਰੀ), ਡਾ (ਸਾਡਾ, ਤੁਹਾਡਾ), ਡੇ (ਸਾਡੇ, ਤੁਹਾਡੇ), ਡੀ (ਸਾਡੀ, ਤੁਹਾਡੀ) ।

**7. ਅਧਿਕਰਨ ਕਾਰਕ**-ਵਾਕ ਵਿਚ ਕਿਰਿਆ ਦਾ ਕਾਰਜ ਜਿਸ ਆਸਰੇ ਜਾਂ ਜਿਸ ਥਾਂ ਹੋਵੇ ; ਉਹ 'ਅਧਿਕਰਨ ਕਾਰਕ' ਹੁੰਦਾ ਹੈ। ਜਿਵੇਂ:-

(ੳ) ਕੋਠੇ ਉੱਤੇ ਚੜ੍ਹ ਜਾਵੋ ।

(ਅ) ਕਮਰੇ ਅੰਦਰ ਅਰਾਮ ਨਾਲ ਬੈਠੋ ।

ਇਨ੍ਹਾਂ ਵਾਕਾਂ ਵਿਚ 'ਕੋਠੇ' ਅਤੇ 'ਕਮਰੇ' ਅਧਿਕਰਨ ਕਾਰਕ ਵਿਚ ਹਨ । ਇਸ ਦੀ ਪਛਾਣ ਲਈ ਇਸ ਦੇ ਇਹ ਕਾਰਕ ਚਿੰਨ੍ਹ ਹਨ-ਉੱਤੇ, ਵਿਚ, ਪਰ, ਅੰਦਰ ਆਦਿ ।

**8. ਸੰਬੋਧਨ ਕਾਰਕ**-ਨਾਂਵ ਜਾਂ ਪੜਨਾਂਵ ਦਾ ਜਿਹੜਾ ਰੂਪ ਕਿਸੇ ਨੂੰ ਸੰਬੋਧਨ ਕਰ ਲਈ ਵਰਤਿਆ ਜਾਂਦਾ ਹੈ, ਉਹ 'ਸੰਬੋਧਨ ਕਾਰਕ' ਵਿਚ ਹੁੰਦਾ ਹੈ ; ਜਿਵੇਂ-

ਓਏ ਮੁੰਡਿਆ ! ਨੀ ਕੁੜੀਏ ।

ਇਸ ਦੇ ਕਾਰਕ ਚਿੰਨ੍ਹ ਦੋ ਪ੍ਰਕਾਰ ਦੇ ਹੁੰਦੇ ਹਨ ।

ਇਕ ਵਿਸਮਿਕ ਤੇ ਦੂਜੇ ਸੰਬੰਧਕੀ । ਵਿਸਮਿਕ ਚਿੰਨ੍ਹ ਹਨ-ਓਏ, ਵੇ,, ਨੀ, ਹੇ ਆਦਿ । ਸੰਬੰਧਕੀ ਪਿਛੇਤਰ ਇਹ ਹਨ- ਕੰਨਾ,ਆ, ਓ, ਏ ਆਦਿ ।

## ਕਾਰਕ-ਸਾਧਨਾ

### ਪ੍ਰਸ਼ਨ:. 'ਕਾਰਕ ਰੂਪ ਸਾਧਨਾ' ਕਿਸ ਨੂੰ ਆਖਦੇ ਹਨ ? ਇਸ ਦੇ ਕਿੰਨੇ ਭੇਦ ਹਨ ?

**ਉੱਤਰ-ਕਾਰਕ ਚਿੰਨ੍ਹ ਲੱਗਣ ਕਰਕੇ ਕੋਈ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਵੱਧ ਤੋਂ ਵੱਧ ਜਾਂ ਘੱਟ ਤੋਂ ਘੱਟ ਜਿੰਨੇ ਰੂਪਾਂ ਵਿਚ ਬਦਲਦਾ ਹੈ, ਉਨ੍ਹਾਂ ਨੂੰ ਕਾਰਕ ਰੂਪ ਆਖਦੇ ਹਨ । ਇਸ ਦੇ ਚਾਰ ਰੂਪ ਹਨ-**

1. **ਸਧਾਰਨ ਰੂਪ :-** ਨਾਂਵ ਜਾਂ ਪੜਨਾਂਵ ਦਾ ਉਹ ਰੂਪ, ਜਿਸ ਵਿਚ ਕੋਈ ਕਾਰਕ ਚਿੰਨ੍ਹ ਨਾ ਲੱਗਾ ਹੋਵੇ, ਉਹ ਸਧਾਰਨ ਰੂਪ ਹੁੰਦਾ ਹੈ, ਜਿਵੇਂ

   ਮੁੰਡੇ ਪਾਠ ਯਾਦ ਕਰ ਰਹੇ ਹਨ ।

   ਇਸ ਵਾਕ ਵਿੱਚ 'ਮੁੰਡੇ ਅਤੇ 'ਪਾਠ' ਨਾਂਵ ਦੇ ਸਧਾਰਨ ਰੂਪ ਹਨ, ਕਿਉਂਕਿ ਇਨ੍ਹਾਂ ਨਾਲ ਕੋਈ ਕਾਰਕ ਚਿੰਨ੍ਹ ਨਹੀਂ ਲੱਗਾ ਹੋਇਆ ।

2. **ਸੰਬੰਧਕੀ ਰੂਪ:-** ਨਾਂਵ ਜਾਂ ਪੜਨਾਂਵ ਦਾ ਉਹ ਰੂਪ, ਜਿਸ ਨਾਲ ਕੋਈ ਕਾਰਕ ਚਿੰਨ੍ਹ ਲੱਗਾ ਹੋਵੇ, ਜਿਵੇਂ :

ਸੁਰਿੰਦਰ ਨੇ ਸੋਟੇ ਨਾਲ ਸੱਪ ਨੂੰ ਮਾਰਿਆ।

ਇਸ ਵਾਕ ਵਿੱਚ 'ਸੁਰਿੰਦਰ' 'ਸੋਟੇ' ਤੇ 'ਸੱਪ'ਸੰਬੰਧਕੀ ਰੂਪ ਹਨ ਕਿਉਂਕਿ ਇਨ੍ਹਾਂ ਨਾਲ 'ਨੇ' ਅਤੇ 'ਨੂੰ' ਤਿੰਨ ਕਾਰਕ ਚਿੰਨ੍ਹ ਲੱਗੇ ਹੋਏ ਹਨ ।

3. **ਸੰਮਿਲਤ ਸੰਬੰਧਕੀ ਰੂਪ :-** ਨਾਂਵ ਜਾਂ ਪੜਨਾਂਵ ਦਾ ਉਹ ਰੂਪ ਸੰਮਿਲਤ ਸੰਬੰਧਕੀ ਰੂਪ ਹੁੰਦਾ ਹੈ, ਜਿਸ ਵਿਚ ਸੰਬੰਧਕ ਸਮੋਇਆ ਹੋਇਆ ਹੋਵੇ, ਜਿਵੇਂ-

ਹਰਜਿੰਦਰ ਘਰੋਂ ਤੁਰ ਕੇ ਸਕੂਲੇ ਗਿਆ । ਇਸ ਵਿਚ "ਘਰੋਂ', (ਘਰ ਤੋਂ) ਅਤੇ 'ਸਕੂਲੇ' (ਸਕੂਲ ਨੂੰ) ਦੇ ਸੰਮਿਲਤ ਸੰਬੰਧਕੀ ਰੂਪ ਹਨ ।

4. **ਸੰਬੋਧਨ ਰੂਪ :-** ਇਹ ਨਾਂਵ ਜਾਂ ਪੜਨਾਂਵ ਦਾ ਰੂਪ ਹੁੰਦਾ ਹੈ, ਜਿਸ ਨਾਲ ਸੰਬੋਧਨ ਕੀਤਾ ਗਿਆ ਹੋਵੇ । ਇਸ ਵਿਚ ਵਿਸਮਿਕ ਸ਼ਬਦ ਜ਼ਰੂਰ ਹੁੰਦਾ ਹੈ , ਜਿਵੇਂ-

(ੳ) ਨੀ ਕੁੜੀਏ ! ਗੱਲ ਸੁਣ !
(ਅ) ਹੇ ਰੱਬਾ ! ਬਖ਼ਸ਼ ਲੈ !

ਇਨ੍ਹਾਂ ਵਾਕਾਂ ਵਿਚ 'ਨੀ ਕੁੜੀਏ' ਤੇ 'ਹੇ ਰੱਬਾ' ਸੰਬੋਧਨੀ ਰੂਪ ਹਨ ।

ਤਿਆਰ ਕਰਤਾ :- ਨੀਟਾ ਭਾਟੀਆ
ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ,
ਕੈਂਪ ਬਟਾਲਾ।
ਜ਼ਿਲ੍ਹਾ- ਗੁਰਦਾਸਪੁਰ ।